Alberta

# ਨਿਊਜ਼ ਰਿਲੀਜ਼

# ਬੱਜਟ 2023: ਐਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰਨਾਂ

28 ਫਰਵਰੀ 2023

**ਆਉਣ ਵਾਲੇ ਸਾਲ ਲਈ ਸਰਕਾਰ ਦਾ ਨਵਾਂ ਬੱਜਟ ਐਲਬਰਟਾ ਨਿਵਾਸੀਆਂ ਨੂੰ ਖਰਚਿਆਂ ਵਿੱਚ ਮਦਦ ਦੇਵੇਗਾ, ਨੌਕਰੀਆਂ ਪੈਦਾ ਕਰੇਗਾ, ਸਿੱਖਿਆ ਅਤੇ ਸਿਹਤ-ਸੰਭਾਲ ਸੇਵਾਵਾਂ ਵਿੱਚ ਸੁਧਾਰ ਲਿਆਵੇਗਾ, ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖੇਗਾ।**

ਇਹ ਯੋਜਨਾ ਸਰਕਾਰ ਵੱਲੋਂ ਉਮੀਦ ਕੀਤੇ ਜਾਣ ਨਾਲੋਂ ਵੱਧ ਪੈਸਾ ਨਹੀਂ ਖਰਚ ਕਰੇਗੀ। "ਵਿੱਤੀ ਜ਼ਿੰਮੇਵਾਰੀ ਮਹੱਤਵਪੂਰਨ ਹੈ। ਇਹ ਸਾਡੀ ਮਜ਼ਬੂਤ ਵਿੱਤੀ ਸਥਿਤੀ ਨੂੰ ਪ੍ਰਾਪਤ ਕਰਨ ਲਈ ਕੁੰਜੀਵਤ ਰਹਿੰਦੀ ਰਹੀ ਹੈ," ਐਲਬਰਟਾ ਸਰਕਾਰ ਦੇ ਵਿੱਤ ਮੰਤਰੀ ਟਰੈਵਿਸ ਟੋਵਜ਼ ਨੇ ਕਿਹਾ।

ਬੱਜਟ ਪਰਿਵਾਰਾਂ ਲਈ ਲਾਗਤਾਂ ਨੂੰ ਘਟਾਏਗਾ, ਜਿਸ ਵਿੱਚ 2.3 ਬਿਲੀਅਨ ਡਾਲਰ ਕਿਫਾਇਤੀ ਉਪਾਵਾਂ 'ਤੇ ਖਰਚ ਕੀਤੇ ਜਾਣਗੇ। ਇਸ ਵਿੱਚ ਵਿਦਿਆਰਥੀ ਕਰਜ਼ਿਆਂ ਲਈ ਘੱਟ ਵਿਆਜ ਦਰਾਂ, ਗੋਦ ਲਏ ਬੱਚਿਆਂ ਵਾਲੇ ਪਰਿਵਾਰਾਂ ਲਈ ਸਬਸਿਡੀਆਂ, ਸਮਾਜਿਕ ਸੇਵਾਵਾਂ ਦੇ ਖੇਤਰ ਵਿਚਲੇ ਵਰਕਰਾਂ ਲਈ ਤਨਖਾਹਾਂ ਵਿੱਚ ਵਾਧੇ ਅਤੇ ਚੈਰਿਟੀਆਂ ਨੂੰ ਦਿੱਤੇ ਦਾਨ ਲਈ ਵਡੇਰਾ ਟੈਕਸ ਕ੍ਰੈਡਿਟ ਸ਼ਾਮਲ ਹਨ।

ਬੱਜਟ, 3,000 ਤੱਕ ਹੋਰ ਸਕੂਲ ਸਟਾਫ ਭਰਤੀ ਕਰਨ ਦੁਆਰਾ ਕਲਾਸਾਂ ਦੇ ਆਕਾਰ ਨੂੰ ਛੋਟਾ ਕਰਨ ਲਈ ਸਕੂਲ ਪ੍ਰਬੰਧ 'ਚ ਹੋਰ ਵਧੇਰੇ ਪੈਸਾ ਪਾਉਂਦਾ ਹੈ। ਪੋਸਟ-ਸੈਕੰਡਰੀ ਸਿੱਖਿਆ ਲਈ, ਤਿੰਨ ਸਾਲਾਂ ਦੌਰਾਨ 111-ਮਿਲੀਅਨ ਡਾਲਰ ਦਾ ਵਾਧਾ ਵਧੇਰੇ ਵਿਦਿਆਰਥੀਆਂ ਨੂੰ ਤਕਨਾਲੋਜੀ ਅਤੇ ਬਿਜ਼ਨਸ ਸਮੇਤ ਸਭ ਤੋਂ ਵੱਧ ਮੰਗ ਵਾਲੇ ਪ੍ਰੋਗਰਾਮਾਂ ਦੀ ਚੋਣ ਕਰ ਸਕਣ ਵਿੱਚ ਮਦਦ ਕਰੇਗਾ।

ਹਜ਼ਾਰਾਂ ਹੋਰ ਲਾਇਸੈਂਸਸ਼ੁਦਾ ਚਾਈਲਡ-ਕੇਅਰ ਸਥਾਨਾਂ ਵਾਸਤੇ ਅਤੇ ਚਾਈਲਡ-ਕੇਅਰ ਆਪਰੇਟਰਾਂ ਦੇ ਨਾਲ ਨਾਲ ਮਾਪਿਆਂ ਦੇ ਬੱਚਿਆਂ ਦੀ ਦੇਖਭਾਲ ਦੇ ਖਰਚਿਆਂ ਲਈ ਸਬਸਿਡੀਆਂ ਲਈ ਨਵੀਆਂ ਗਰਾਂਟਾਂ ਵਾਸਤੇ 59 ਮਿਲੀਅਨ ਡਾਲਰ ਉਪਲਬਧ ਹੋਣਗੇ। ਜਨਤਕ ਸੁਰੱਖਿਆ ਵਧਾਉਣ ਲਈ ਹੋਰ ਪੈਸਾ ਮੁਹੱਈਆ ਕਰਵਾਇਆ ਜਾਵੇਗਾ। ਇਹ ਨਸ਼ਾਖੋਰੀ ਵਾਲੇ ਲੋਕਾਂ ਨੂੰ ਨਸ਼ਿਆਂ 'ਚੋਂ ਬਾਹਰ ਕੱਢਣ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਬਦਲਣ 'ਚ ਮਦਦ ਕਰਨ ਲਈ ਪੁਲਿਸ ਸੇਵਾਵਾਂ ਅਤੇ ਕਮਿਊਨਿਟੀ ਸੇਵਾਵਾਂ 'ਤੇ ਖਰਚ ਕੀਤਾ ਜਾਵੇਗਾ।

**ਸਬੰਧਿਤ ਜਾਣਕਾਰੀ**

Alberta.ca/Budget

**ਮੀਡੀਆ ਪੁੱਛਗਿੱਛ**


Charlotte Taillon
charlotte.taillon@gov.ab.ca
780-932-5381
ਪ੍ਰੈੱਸ ਸੈਕਟਰੀ, ਖਜ਼ਾਨਾਂ ਬੋਰਡ ਅਤੇ ਵਿੱਤ

Alberta

# **ਨਿਊਜ਼** ਰਿਲੀਜ਼

ਸਰਕਾਰ 2023-24 ਦੇ ਵਿੱਤੀ ਸਾਲ ਵਿੱਚ 70.7 ਬਿਲੀਅਨ ਡਾਲਰ ਰੈਵੇਨਿਊ ਪ੍ਰਾਪਤ ਹੋਣ ਦੀ ਉਮੀਦ ਕਰਦੀ ਹੈ। ਤੇਲ ਅਤੇ ਗੈਸ ਵਰਗੇ ਗੈਰ-ਨਵਿਆਉਣਯੋਗ ਸਰੋਤਾਂ ਦੀ ਵਿਕਰੀ ਤੋਂ 18.4 ਬਿਲੀਅਨ ਡਾਲਰ ਦਾ ਰੈਵੇਨਿਊ ਆਉਣ ਦਾ ਅਨੁਮਾਨ ਹੈ।
ਬੱਜਟ ਯੋਜਨਾਵਾਂ ਵਿੱਤੀ ਸਾਲ ਵਿੱਚ 68.3 ਬਿਲੀਅਨ ਖਰਚ ਕਰਨਗੀਆਂ, ਜਿਹੜਾ ਸਾਲ 1 ਅਪ੍ਰੈਲ ਤੋਂ ਸ਼ੁਰੂ ਹੁੰਦਾ ਅਤੇ ਅਗਲੇ ਸਾਲ 31 ਮਾਰਚ ਨੂੰ ਮੁੱਕਦਾ ਹੈ। ਵਿੱਤੀ ਸਾਲ ਦੇ ਅੰਤ 'ਤੇ 2.4 ਬਿਲੀਅਨ ਡਾਲਰ ਵਾਧੂ ਪੈਸੇ ਵਜੋਂ ਬਚਿਆ ਹੋਇਆ ਹੋਵੇਗਾ।
.